بِسۡمِ اللّٰہِ الرَّحۡمٰنِ الرَّحِیۡمِ نَحْمَدُہٗ وَنُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 29.05.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਮਈ ਸਨ 2015 ਈ. ਨੂੰ ਫ਼੍ਰੈਂਕਫ਼ਰਟ ਜਰਮਨੀ ਵਿੱਚ ਦਿੱਤਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਨੂੰ ਆਪਣੇ ਇਸ ਸੰਸਾਰ ਤੋਂ ਕੂਚ ਕਰਨ ਦੀ ਦੁੱਖਦਾਈ ਖ਼ਬਰ ਦੇ ਨਾਲ ਇਹ ਖ਼ੁਸ਼ਖ਼ਬਰੀ ਵੀ ਦਿੱਤੀ ਸੀ ਅਤੇ ਫ਼ਰਮਾਇਆ ਸੀ ਕਿ ਆਦਿ ਤੋਂ ਰੱਬ ਦੀ ਇਹੋ ਮਰਿਆਦਾ ਰਹੀ ਹੈ ਕਿ ਰੱਬ ਦੋ ਕੁਦਰਤਾਂ ਦਿਖਾਉਂਦਾ ਹੈ ਤਾਂ ਜੋ ਵਿਰੋਧੀਆਂ ਦੀਆਂ ਦੋ ਝੂਠੀਆਂ ਖ਼ੁਸ਼ੀਆਂ ਨੂੰ ਪੈਰ੍ਹਾਂ ਹੇਠ ਰੋਲ੍ਹਕੇ ਦਿਖਾਵੇ । ਸੋ, ਹੁਣ ਸੰਭਵ ਨਹੀਂ ਕਿ ਰੱਬ ਆਪਣੀ ਆਦਿ ਦੀ ਮਰਿਆਦਾ ਨੂੰ ਛੱਡ ਦੇਵੇ । ਫ਼ਰਮਾਇਆ ਤੁਹਾਡੇ ਲਈ ਦੂਜੀ ਕੁਦਰਤ ਦਾ ਦੇਖਣਾ ਵੀ ਜ਼ਰੂਰੀ ਹੈ ਅਤੇ ਇਸ ਦਾ ਅਆਉਣਾ ਤੁਹਾਡੇ ਲਈ ਬਿਹਤਰ ਹੈ ਕਿਉਂਕਿ ਉਹ ਸਦੈਵੀ ਹੈ ਜਿਸ ਦਾ ਕਰਮ ਪਰਲੈ ਤੱਕ ਖ਼ਤਮ ਨਹੀਂ ਹੋਵੇਗਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਜੱਦ ਇਹ ਫ਼ਰਮਾਇਆ ਕਿ ਤੁਹਾਡੇ ਵਿੱਚ ਨਬੁਵੱਤ ਕਾਇਮ ਰਹੇਗੀ ਜੱਦ ਤੱਕ ਅਲੱਾਹ ਚਾਹੇਗਾ ਫਿਰ ਇਸ ਦੇ ਬਾਦ ਖ਼ਿਲਾਫ਼ ਅਲਾ ਮਿਨਹਾਜਿ ਨਬੁਵੱਤ (ਨਬੀ ਦੇ ਬਾਦ ਦੀ ਖ਼ਿਲਾਫ਼ਤ) ਕਾਇਮ ਹੋਵੇਗੀ ਜੋ ਨਬੀ ਦੇ ਤਰੀਕਿਆਂ ਉਪੱਰ ਚਲੱਣ ਵਾਲੀ ਹੋਵੇਗੀ । ਉਸ ਦੇ ਵਿਅਕਤੀਗਤ ਹਿਤ ਨਹੀਂ ਹੋਣਗੇ ਉਹ ਨਬੀ ਦੇ ਕੰਮਾ ਨੂੰ ਅੱਗੇ ਵਧਾਉਣ ਵਾਲੇ ਹੋਣਗੇ ਪਰ ਇਕ ਸਮੇਂ ਮਗਰੋਂ ਇਹ ਖ਼ਿਲਾਫ਼ਤ ਜੋ ਖ਼ਿਲਾਫਤੇ ਰਾਸ਼ਦਾ ਹੈ ਖ਼ਤਮ ਹੋ ਜਾਵੇਗੀ । ਇਹ ਨੇਮਤ ਖੋਹ ਲਈ ਜਾਵੇਗੀ ਫਿਰ ਅਜਿਹੀ ਬਾਦਸ਼ਾਹੀ ਕਾਇਮ ਹੋਵੇਗੀ ਜਿਸ ਤੋਂ ਲੋਕ ਤੰਗੀ ਅਨੁਭਵ ਕਰਨਗੇ ਫਿਰ ਇਸ ਤੋਂ ਵੀ ਵੱਧ ਕੇ ਜਾਬਰ ਬਾਦਸ਼ਾਹੀ ਕਾਇਮ ਹੋ ਜਾਵੇਗੀ । ਫਿਰ ਰੱਬ ਦੀ ਮਿਹਰ ਤੇ ਰਹਿਮ ਜੋਸ਼ ਮਾਰੇਗਾ ਅਤੇ ਫਿਰ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਕਾਇਮ ਹੋਵੇਗੀ । ਅਸੀਂ ਦੇਖਦੇ ਹਾਂ ਕਿ ਇਸਲਾਮ ਦੇ ਇਤਿਹਾਸ ਵਿੱਚ ਵੱਖ ਵੱਖ ਦੌਰ ਆਉਣ ਦੇ ਬਾਦ ਵੀ ਮੁਸਲਮਾਨਾਂ ਵਿੱਚ ਹਕੂਮਤ ਦੇ ਆਗੂਆਂ ਨੇ ਆਪਣੇ ਆਪ ਨੂੰ ਖ਼ਲੀਫ਼ਾ ਅਖਾਵਾਉਂਦੇ ਰਹੇ । ਇਹ ਦਸਦੇ ਰਹੇ ਕਿ ਉਹਨਾਂ ਦਾ ਅਸਥਾਨ ਖ਼ਲੀਫ਼ਾ ਦਾ ਅਸਥਾਨ ਹੈ ਪਰ ਇਹ ਹੁੰਦਿਆਂ ਹੋਇਆਂ ਵੀ ਮੁਸਲਮਾਨਾਂ ਦੀ ਬਹੁ ਸੰਖਿਆ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਬਾਦ ਆਪ ਦੇ ਜੋ ਪਹਿਲੇ ਚਾਰ ਖ਼ਲੀਫ਼ਾ ਹਨ ਉਹਨਾਂ ਨੂੰ ਹੀ ਖ਼ੁਲਫ਼ਾਏ ਰਾਸ਼ਦੀਨ ਦਾ ਮੁਕਾਮ ਦਿੰਦੀ ਹੈ । ਉਹਨਾਂ ਦਾ ਸਮਾਂ ਹੀ ਖ਼ਿਲਾਫ਼ਤੇ ਰਾਸ਼ਦਾ ਦਾ ਸਮਾਂ ਅਖਵਾਉਂਦਾ ਹੈ । ਪਰਿਵਾਰਕ ਬਾਦਸ਼ਾਹੀ ਨਹੀਂ ਰਹੀ ਸਗੋਂ ਮੋਮਿਨੀਨ ਦੀ ਜਮਾਤ ਰਾਹੀਂ ਰੱਬ ਨੇ ਉਹਨਾਂ ਨੂੰ ਖ਼ਿਲਾਫ਼ਤ ਦਾ ਚੋਲਾ ਪਹਿਨਾਇਆ । ਪਰ ਇਹਨਾ ਤੋਂ ਬਿਨਾ ਬਾਕੀ ਖ਼ਲੀਫ਼ੇ ਪਰਿਵਾਰਕ ਬਾਦਸ਼ਾਹੀ ਨੂੰ ਹੀ ਕਾਇਮ ਰਖੱਦੇ ਰਹੇ ਅਤੇ ਅਖੱਰ ਅਖੱਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਇਹ ਭਵਿੱਖਬਾਣੀ ਪੂਰੀ ਹੋਈ । ਜੱਦ ਪਹਿਲੀਆਂ ਦੋ ਗੱਲਾਂ ਵਿੱਚ ਇਹ ਭਵਿੱਖਬਾਣੀ ਅਖੱਰ ਅਖੱਰ ਪੂਰੀ ਹੋਈ ਤਾਂ ਜੋ ਅਖੀਰੀ ਗੱਲ ਆਪ ਨੇ ਵਰਨਣ ਕੀਤੀ ਸੀ ਉਸ ਵਿੱਚ ਵੀ ਸਾਡੇ ਆਕਾ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਕਥਨ

ਨੇ ਹੀ ਪੂਰਾ ਹੋਣਾ ਸੀ ਕਿ ਇਸ ਦੁਨੀਦਾਰੀ ਤੇ ਮੁਸਲਮਾਨਾਂ ਦੇ ਵਿਗੜੇ ਹੋਏ ਹਾਲਾਤਾਂ ਦੇਖ ਕੇ ਉਹ ਖ਼ੁਦਾ ਜਿਸ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਕਿਆਮਤ ਤੱਕ ਕਾਇਮ ਰਹਿਣ ਵਾਲੀ ਸ਼ਰੀਅਤ ਨਾਲ ਭੇਜਿਆ ਸੀ ਉਸ ਦਾ ਰਹਿਮ ਜੋਸ਼ ਮਾਰਦਾ ਅਤੇ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਨੂੰ ਦੁਨੀਆ ਵਿੱਚ ਮੁੜ ਕਾਇਮ ਫ਼ਰਮਾਉਂਦਾ ਅਤੇ ਅਸੀਂ ਅਹਮਦੀ ਇਹ ਵਿਸ਼ਵਾਸ ਰਖੱਦੇ ਹਾਂ ਕਿ ਰੱਬ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨਾਲ ਕੀਤੇ ਗਏ ਵਾਦੇ ਅਨੁਸਾਰ ਮਸੀਹ ਤੇ ਮਹਦੀ ਰਾਹੀਂ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਨੂੰ ਕਾਇਮ ਫ਼ਰਮਾਇਆ । ਆਪ ਨੂੰ ਜਿੱਥੇ ਉਮੱਤੀ ਨਬੀ ਹੋਣ ਦਾ ਮੁਕਾਮ ਬਖ਼ਸ਼ਿਆ ਓਥੇ ਖ਼ਾਤਾਮੁਲ ਖ਼ੁਲਫ਼ਾ ਦੇ ਮੁਕਾਮ ਨਾਲ ਵੀ ਨਿਵਾਜਿਆ ਕਿ ਹੁਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਖ਼ਿਲਾਫ਼ਤ ਦੀ ਲੜੀ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਤੇ ਖ਼ਾਤਮੁਲ ਖ਼ੁਲਫ਼ਾ ਰਾਹੀਂ ਹੀ ਅਰੰਭ ਹੋਣੀ ਹੈ । ਇਸ ਲਈ ਅਸੀਂ ਖ਼ੁਸ਼ ਕਿਸਮਤ ਹਾਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਇਸ ਖ਼ੁਸ਼ਖਬਰੀ ਤੋਂ ਹਿਸੱਾ ਪਾਉਣ ਵਾਲਿਆਂ ਵਿੱਚ ਸ਼ਾਮਲ ਹਨ ਜੋ ਆਪ ਨੇ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਦੀ ਸਾਨੂੰ ਬਖ਼ਸ਼ੀ ਸੀ । ਆਪ ਸਲਲੱਾਹੁ ਅਲੈਹਿ ਵਸਲਅਮ ਨੇ ਸੂਰਤ ਜੁਮਆ ਦੀ ਆਇਤ (وَّاٰخَرِيۡنَ مِنۡهُمۡ لَمَّا يَلۡحَقُوۡا بِهِمۡ ○) "ਵ ਆਖ਼ਿਰੀਨਾ ਮਿਨਹੁਮ ਲਮੱਾ ਯਲਹਕੂ ਬਿਹਿਮ 0 ਦੇ ਵਿਸਥਾਰ ਵਿੱਚ ਜਿੰਨ੍ਹਾ ਬਾਦ ਵਿੱਚ ਆਉਣ ਵਾਲਿਆਂ ਨੂੰ ਪਹਿਲਿਆਂ ਨਾਲ ਮਿਲਾਇਆ ਸੀ ਉਹਨਾਂ ਵਿੱਚ ਅਸੀਂ ਸ਼ਾਮਲ ਹੋਏ । ਆਪ ਸਲਲੱਾਹੁ ਅਲੈਹਿ ਵਸਲਅਮ ਨੇ ਆਪਣੇ ਜਿਸ ਪਿਆਰੇ ਬਾਰੇ ਫ਼ਰਮਾਇਆ ਸੀ ਕਿ ਉਹ ਸੁਰਯੱਾ ਤਾਰੇ ਤੋਂ ਈਮਾਨ ਮੁੜ ਧਰਤੀ ਉਪੱਰ ਲੈ ਆਏਗਾ ਸਾਨੂੰ ਉਸ ਦੇ ਮਨ੍ਹੰਣ ਵਾਲਿਆਂ ਵਿੱਚ ਸ਼ਾਮਲ ਕੀਤਾ । ਆਪ ਸਲਲੱਾਹੁ ਅਲੈਹਿ ਵਸਲਅਮ ਨੇ ਜਿਸ ਮਸੀਹ ਤੇ ਮਹਦੀ ਨੂੰ ਆਪਣਾ ਸਲਾਮ ਪਹੁੰਚਾਉਣ ਲਈ ਕਿਹਾ ਸੀ ਸਾਨੂੰ ਰੱਬ ਨੇ ਸੰਜੋਗ ਬਖਸ਼ਿਆਕਿ ਇਹ ਫ਼ਰਜ਼ ਪੂਰਾ ਕਰਨ ਵਾਲਿਆਂ ਵਿੱਚ ਸ਼ਾਮਲ ਹੋਈਏ ਅਤੇ ਫਿਰ ਜਮਾਤ ਅਹਮਦੀਆ ਦੇ ਪੈਰੋਕਾਰਾਂ ਉਪੱਰ ਇਹ ਵੀ ਮਿਹਰ ਕੀਤੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਆਪ ਦੇ ਬਾਦ ਜਾਰੀ ਖ਼ਿਲਾਫ਼ਤ ਦੀ ਬੈਅਤ ਵਿੱਚ ਵੀ ਸ਼ਾਮਲ ਕੀਤਾ ।

ਇਸ ਲਈ ਰੱਬ ਦੀਆਂ ਇਹ ਮਿਹਰਾਂ ਹਰ ਅਹਮਦੀ ਤੋਂ ਤਕਾਦਾ ਕਰਦੀਆਂ ਹਨ ਕਿ ਉਸ ਦਾ ਧੰਨਵਾਦੀ ਬਣਦਿਆਂ ਹੋਇਆਂ ਆਪਣੀਆਂ ਹਾਲਤਾਂ ਵਿਚ ਉਹ ਤਬਦੀਲੀ ਲਿਆਉਣ ਜੋ ਰੱਬ ਦੇ ਉਸ ਫ਼ਰਸਤਾਦੇ ਦੇ ਮਨ੍ਹੰਣ ਵਾਲਿਆਂ ਦਾ ਕਰਤਵ ਹੈ । ਫਿਰ ਹੀ ਇਕ ਬੈਅਤ ਦਾ ਹੱਕ ਪੂਰਾ ਹੋ ਸਕਦਾ ਹੈ ਇਮਾਮ ਮਹਦੀ ਅਲੈਹਿ ਸਲਾਮ ਨੇ ਈਮਾਨ ਨੂੰ ਸੁਰਯੱਾ ਤਾਰੇ ਉਪੱਰੋਂ ਧਰਤੀ ਉਪੱਰ ਲਿਆਉਣਾ ਸੀ ਅਤੇ ਆਪਣੇ ਮਨ੍ਹੰਣ ਵਾਲਿਆਂ ਦੇ ਦਿਲਾਂ ਨੂੰ ਇਸ ਨਾਲ ਭਰਨਾ ਸੀ । ਅਤੇ ਹਰ ਅਹਮਦੀ ਨਿਸ਼ਚੇ ਹੀ ਇਸ ਗੱਲ ਦਾ ਗਵਾਹ ਹੈ ਕਿ ਆਪ ਨੇ ਇਹ ਕੰਮ ਕਰਕੇ ਦਿਖਾ ਦਿੱਤਾ ਪਰ ਇਸ ਈਮਾਨ ਨੂੰ ਸਥਾਪਨ ਕਰਨਾ ਕੇਵਲ ਆਪਦੇ ਜੀਵਨ ਤੱਕ ਸੀਮਿਤ ਨਹੀਂ ਸੀ ਜਾਂ ਕੁਝ ਦਹਾਈਆਂ ਤੱਕ ਸੀਮਤ ਨਹੀਂ ਸੀ ਸਗੋਂ ਜੱਦ ਹਜ਼ਰਤ ਮੁਹਮਦ ਸਲਲੱਾਹੁ ਅਲਹਿ ਵਸਲਅਮ ਨੇ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਦੀ ਖ਼ੁਸ਼ਖਬਰੀ ਦੇ ਕੇ ਚੁੱਪੀ ਧਾਰਨ ਕਰ ਲਈ ਤਾਂ ਫਿਰ ਇਸ ਦਾ ਅਰਥ ਸੀ ਕਿ ਇਸ ਈਮਾਨ ਨੂੰ ਕਿਯਾਮਤ ਤੱਕ ਧਰਤੀ ਉਪੱਰ ਆਪਣੀ ਸ਼ਾਨ ਤੇ ਮਹਤੱਾ ਨਾਲ ਸਥਾਪਤ ਰਹਿਣਾ ਹੈ ਅਤੇ ਹਰ ਉਹ ਮਨੁੱਖ ਜੋ ਆਪਣੇ ਆਪ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੀ ਬੈਅਤ ਵਿੱਚ ਗਿਣਦਾ ਹੈ ਉਸ ਦਾ ਕਰਤਵ ਹੈ ਕਿ ਇਸ ਈਮਾਨ ਨੂੰ ਆਪਣੇ ਮਨ ਵਿੱਚ ਬਿਠਾ ਕੇ ਉਸ ਉਪੱਰ ਹਮੇਸ਼ਾ ਲਈ ਕਾਇਮ ਰਹੇ । ਇਹ ਉਹਨਾਂ ਮਨ੍ਹੰਣ ਵਾਲਿਆਂ ਦਾ ਕਰਤਵ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਆਪ ਦੇ ਤਰੀਕਿਆਂ ਨਾਲ ਚਲੱਣ ਵਾਲੀ ਖ਼ਿਲਾਫ਼ਤ ਦੀ ਵਿਵਸਥਾ ਨਾਲ ਜੁੜਕੇ ਉਸ ਈਮਾਨ ਦਾ ਪ੍ਰਦਰਸ਼ਤ ਅੰਗ ਬਣਦਿਆਂ ਹੋਇਆਂ ਇਸ ਨੂੰ ਦੁਨੀਆਂ ਦੇ ਕੋਨੇ ਕੋਨੇ ਵਿੱਚ ਫੈਲਾਓ ਅਤੇ ਤੋਹੀਦ (ਇਕ ਈਸ਼ਵਰਵਾਦ) ਨੂੰ ਦੁਨੀਆ ਵਿੱਚ ਕਾਇਮ ਕਰੋ ਅਤੇ ਇਸੇ ਕਰਕੇ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਜਮਾਤ ਨੂੰ ਆਪਣੇ ਇਸ ਦੁਨੀਆ ਤੋਂ ਕੂਚ ਕਰਨ ਦੀ ਦੁੱਖਦਾਈ ਖ਼ਬਰ ਦੇ ਨਾਲ ਇਹ ਖ਼ੁਸ਼ਖ਼ਬਰੀ ਵੀ ਦਿੱਤੀ ਸੀ ਅਤੇ ਫ਼ਰਮਾਇਆ ਸੀ ਕਿ ਆਦਿ ਤੋਂ ਅਲੱਾਹ ਦੀ ਇਹ ਸੁਨੱਤ ਹੈ ਕਿ ਰੱਬ ਦੋ ਕੁਦਰਤਾਂ ਦਿਖਾਉਂਦਾ ਹੈ ਤਾਂ ਜੋ ਵਿਰੋਧੀਆਂ ਦੀਆਂ ਦੋ ਝੂਠੀਆਂ ਖ਼ੁਸ਼ੀਆਂ ਨੂੰ ਪੈਰ੍ਹਾਂ ਹੇਠ ਰੋਲਕੇ ਦਿਖਾਏ । ਸੋ, ਹੁਣ ਸੰਭਵ ਨਹੀਂ ਕਿ ਰੱਬ ਆਪਣੀ ਆਦਿ ਦੀ

ਸੁਨੱਤ ਨੂੰ ਛੱਡ ਦੇਵੇ । ਫ਼ਰਮਾਇਆ ਤੁਹਾਡੇ ਲਈ ਦੂਜੀ ਕੁਦਰਤ ਦਾ ਦੇਖਣਾ ਵੀ ਜ਼ਰੂਰੀ ਹੈ ਅਤੇ ਉਸ ਦਾ ਆਉਣਾ ਤੂਹਾਡੇ ਲਈ ਚੰਗਾ ਹੈ ਕਿਉਂਕਿ ਉਹ ਸਦੈਵੀ ਹੈ ਜਿਸ ਦਾ ਸੰਬੰਧ ਕਿਯਾਮਤ ਤੱਕ ਨਹੀਂ ਖ਼ਤਮ ਹੋਵੇਗਾ ।

ਸੋ, ਈਮਾਨ ਨੂੰ ਧਰਤੀ ਉਪੱਰ ਕਾਇਮ ਕਰਨ ਲਈ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਉਸ ਦੂਜੀ ਕੁਦਰਤ ਨੂੰ ਜਾਰੀ ਕੀਤਾ ਅਤੇ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਇਹ ਦੂਜੀ ਕੁਦਰਤ ਖ਼ਿਲਾਫ਼ਤ ਦੀ ਵਿਵਸਥਾ ਹੈ । ਸੋ, ਖ਼ਿਲਾਫ਼ਤ ਦੀ ਵਿਵਸਥਾ ਦਾ ਧਾਰਮਕ ਤਰੱਕੀ ਨਾਲ ਇਹ ਮਹਤੱਵਪੂਰਨ ਸੰਬੰਧ ਹੈ ਅਤੇ ਇਸਲਾਮੀ ਸ਼ਰੀਅਤ ਦਾ ਇਕ ਮਹਤੱਵਪੂਰਨ ਅੰਗ ਹੈ । ਧਾਰਮਕ ਤਰੱਕੀ ਬਿਨਾ ਖ਼ਿਲਾਫ਼ਤ ਦੇ ਹੋ ਹੀ ਨਹੀਂ ਸਕਦੀ । ਜਮਾਤ ਦੀ ਏਕਤਾ ਖ਼ਿਲਾਫ਼ਤ ਤੋਂ ਬਿਨਾ ਕਾਇਮ ਰਹਿ ਹੀ ਨਹੀਂ ਸਕਦੀ ਅਤੇ ਰੱਬ ਦੀ ਮਿਹਰ ਨਾਲ ਸਾਡੇ ਵਿੱਚੋਂ ਹਰ ਇਕ ਜੋ ਖ਼ਿਲਾਫ਼ਤ ਨਾਲ ਜੁੜਿਆ ਹੈ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਕਿ ਖ਼ਿਲਾਫ਼ਤ ਦਾ ਜਮਾਤ ਵਿੱਚ ਜਾਰੀ ਰਹਿਣਾ ਈਮਾਨ ਦਾ ਇਕ ਹਿੱਸਾ ਹੈ । ਇਹ ਰੱਬ ਦਾ ਸ਼ੁਕਰ ਹੈ ਕਿ ਉਹਨਾਂ ਲੋਕਾਂ ਦੀਆਂ ਕੁਰਬਾਨੀਆਂ ਕਰਕੇ, ਉਹਨਾਂ ਲੋਕਾਂ ਦੀ ਈਮਾਨ ਦੀ ਪੱਕਿਆਈ ਕਰਕੇ ਅੱਜ ਸਾਡੇ ਵਿੱਚੋਂ ਅਨੇਕਾਂ ਹੀ ਜੋ ਉਹਨਾਂ ਬਜ਼ੁਰਗਾਂ ਦੀ ਸੰਤਾਨ ਵਿੱਚੋਂ ਹਨ ਖ਼ਿਲਾਫ਼ਤ ਦੀ ਵਿਵਸਥਾ ਦੇ ਲਾਭ ਨਾਲ ਫ਼ੈਜ਼ ਪ੍ਰਾਪਤ ਕਰ ਰਹੇ ਹਨ । ਇਸ ਸੰਬੰਧ ਵਿੱਚ ਸਭ ਤੋਂ ਵੱਧ ਜਤਨ ਅਤੇ ਕੁਰਬਾਨੀ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਕੀਤੀ ਹੈ । ਹਜ਼ਰਤ ਖ਼ਲੀਫ਼ਤੁਲ ਮਸੀਹ ਸਾਨੀ ਉਪੱਰ ਆਰੋਪ ਲਾਉਣ ਵਾਲਿਆਂ ਨੇ ਵੱਡੇ ਵੱਡੇ ਆਰੋਪ ਲਾਏ ਪਰ ਜੋ ਆਪਦੇ ਦਿਲ ਦੀ ਸਿਥਿਤੀ ਖ਼ਿਲਾਫ਼ਤ ਦੀ ਵਿਵਸਥਾ ਨੂੰ ਬਚਾਉਣ ਦੀ ਸੀ ਉਸ ਦੀ ਇਕ ਝਲਕ ਵਿੱਚ ਹਜ਼ਰਤ ਖ਼ਲੀਫਾਤੁਲ ਮਸੀਹ ਸਾਨੀ ਦੇ ਸ਼ਬਦਾਂ ਵਿੱਚ ਹੀ ਆਪ ਦੇ ਸਾਹਣੇ ਰਖੱਦਾ ਹਾਂ ਕਿਉਂਕਿ ਇਹ ਵੀ ਇਤਿਹਾਸ ਦਾ ਇਕ ਹਿੱਸਾ ਹੈ ਅਤੇ ਉਪਦੱਰਾਂ ਤੋਂ ਬਚਣ ਲਈ ਸਾਨੂੰ ਇਤਿਹਾਸ ਉਪੱਰ ਵੀ ਦ੍ਰਿਸ਼ਟੀ ਰਖੱਣੀ ਚਾਹੀਦੀ ਹੈ । ਇਸੇ ਪ੍ਰਕਾਰ ਈਮਾਨ ਦੀ ਪੱਕਿਆਈ ਦਾ ਸਾਧਨ ਵੀ ਬਣਦਾ ਹੈ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਫ਼ਰਮਾਉਦੇ ਹਨ :

ਜਿੱਥੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਵਫ਼ਾਤ ਪਾਈ ਸੀ ਮੈਂ ਮੌਲਵੀ ਮੁਹਮੱਦ ਅਲੀ ਸਾਹਬ ਨੂੰ ਬੁਲਾ ਕੇ ਕਿਹਾ ਕਿ ਖ਼ਿਲਾਫ਼ਤ ਬਾਰੇ ਕੋਈ ਝਗੜਾ ਪੇਸ਼ ਨ ਕਰਨ ਕਿ ਹੋਣੀ ਚਾਹੀਦੀ ਹੈ ਜਾਂ ਨਹੀਂ ਹੋਣੀ ਚਾਹੀਦੀ ਹੈ ਅਤੇ ਆਪਣੇ ਵਿਚਾਰਾਂ ਨੂੰ ਕੇਵਲ ਇਸ ਸੀਮਾਂ ਤੱਕ ਸੀਮਤ ਰਖੱਣ ਕਿ ਅਜਿਹਾ ਖ਼ਲੀਫ਼ਾ ਨਿਧਾਰਤ ਹੋਵੇ ਜਿਸ ਦੇ ਹੱਥ ਵਿੱਚ ਜਮਾਤ ਦੇ ਹਿੱਤ ਸੁਰੱਖਿਅਤ ਹੋਣ ਅਤੇ ਜੋ ਇਸਲਾਮ ਦੀ ਤਰੱਕੀ ਦੇ ਜਤਨ ਕਰ ਸਕੇ । ਮੈਂ ਮੌਲਵੀ ਸਾਹਬ ਨੂੰ ਕਿਹਾ ਕਿ ਜਿੱਥੋਂ ਤੱਕ ਵਿਅਕਤੀਗੱਤ ਪ੍ਰਸ਼ਨ ਹੈ ਮੈਂ ਆਪਣੀਆਂ ਭਾਵਨਾਵਾਂ ਨੂੰ ਆਪ ਖ਼ਾਤਰ ਕੁਰਬਾਨ ਕਰ ਸਕਦਾ ਹਾਂ ਪਰ ਜੇਕਰ ਉਸੂਲ ਦਾ ਪ੍ਰਸ਼ਨ ਆਇਆ ਤਾਂ ਮਜਬੂਰੀ ਹੋਵੇਗੀ ਕਿਉਕਿ ਉਸੂਲ ਛਡੱਣਾ ਕਿਸੇ ਵੀ ਅਵਸਥਾ ਵਿੱਚ ਉਚਿਤ ਨਹੀਂ । ਸਾਡੇ ਅਤੇ ਤੁਹਾਡੇ ਵਿੱਚ ਇਹੋ ਅੰਤਰ ਹੈ ਕਿ ਅਸੀਂ ਖ਼ਿਲਾਫ਼ਤ ਨੂੰ ਇਕ ਧਾਰਮਕ ਮਸਲਾ ਸਮਝਦੇ ਹਾਂ ਅਤੇ ਖ਼ਿਲਾਫ਼ਤ ਦੇ ਵੁਜੂਦ ਨੂੰ ਜ਼ਰੂਰੀ ਸਮਝਦੇ ਹਾਂ ਪਰ ਆਪ ਖ਼ਿਲਾਫ਼ਤ ਦੇ ਵੁਜੂਦ ਨੂੰ ਅਣਉਚਿਤ ਕਰਾਰ ਨਹੀਂ ਦੇ ਸਕਦੇ ਕਿਉਂਕਿ ਹੁਣੇ ਹੁਣੇ ਆਪ ਨੂੰ ਇਕ ਖ਼ਿਲੀਫ਼ਾ ਦੀ ਬੈਅਤ ਤੋਂ ਅਜ਼ਾਦੀ ਮਿਲੀ ਹੈ ਕਿਹਾ ਕਿ ਛੇ ਸਾਲ ਤੱਕ ਆਪ ਨੇ ਬੈਅਤ ਕੀਤੇ ਰੱਖੀ ਅਤੇ ਜੋ ਚੀਜ਼ ਛੇ ਸਾਲ ਤੱਕ ਜਾਇਜ਼ ਸੀ ਉਹ ਭਵਿੱਖ ਵਿੱਚ ਵੀ ਹਰਾਮ ਨਹੀਂ ਹੋ ਸਕਦੀ । ਸੋ, ਨਿਆਏ ਦਾ ਤਕਾਦਾ ਇਹੋ ਹੈ ਕਿ ਆਪ ਉਹ ਮਾਰਗ ਅਪਣਾਓ ਜੋ ਆਪ ਨੇ ਹੁਣ ਤੱਕ ਅਪਣਾਈ ਰੱਖਿਆ ਸੀ ਅਤੇ ਸਾਨੂੰ ਸਾਡੇ ਧਰਮ ਅਤੇ ਓਸੂਲ ਦੇ ਵਿਰੁਧ ਮਜਬੂਰ ਨ ਕਰੋ । ਬਾਕੀ ਰਿਹਾ ਇਹ ਪ੍ਰਸ਼ਨ ਕਿ ਜਮਾਤ ਦੀ ਤਰੱਕੀ ਅਤੇ ਇਸਲਾਮ ਦੀ ਸਥਾਪਨਾ ਲਈ ਕੌਣ ਲਾਹੇਵੰਦ ਹੋ ਸਕਦਾ ਹੈ । ਸੋ, ਜਿਸ ਵਿਅਕਤੀ ਨਾਲ ਆਪ ਸਹਿਮਤ ਹੋਵੋਗੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਹਜ਼ਰਤ ਮੌਲਵੀ ਮੁਹਮੱਦ ਅਲੀ ਸਾਹਬ ਨੂੰ ਕਿਹਾ ਕਿ ਜਿਸ ਮਨੁੱਖ ਲਈ ਆਪ ਸਹਿਮਤ ਹੋਵੋਗੇ ਅਸੀਂ ਉਸ ਨੂੰ ਖ਼ਲੀਫ਼ਾ ਮਨ ਲਵਾਂਗੇ । ਬਹਿਰਹਾਲ ਹਜ਼ਰਤ ਖ਼ਲੀਫ਼ਾਤੁਲ ਮਸੀਹ ਫ਼ਰਮਾਉਦੇ ਹਨ ਕਿ ਮੌਲਵੀ ਸਾਹਬ ਨੂੰ ਮੈਂ ਕਿਹਾ ਕਿ ਮੈਂ ਆਪਦੇ ਖ਼ਤਰੇ ਦੂਰ ਕਰ ਦਿੱਤੇ ਹਨ । ਇਸ ਲਈ ਆਪ ਦੇ ਸਾਹਮਣੇ ਹੁਣ ਇਹ ਪ੍ਰਸ਼ਨ ਹੋਣਾ ਚਾਹੀਦਾ ਹੈ ਕਿ ਖ਼ਲੀਫ਼ਾ ਕੌਣ ਹੋਵੇ, ਇਹ ਨਹੀਂ ਹੋਣਾ ਚਾਹੀਦਾ ਕਿ ਖ਼ਲੀਫ਼ਾ ਨਹੀਂ ਹੋਣ ਚਾਹੀਦਾ । ਇਸ 'ਤੇ ਮੌਲਵੀ ਸਾਹਬ ਨੇ ਕਿਹਾ ਕਿ ਮੈਂ ਜਾਣਦਾ ਹਾਂ ਇਸ ਲਈ ਆਪ ਜ਼ੋਰ ਦੇ ਰਹੇ ਹਨ ਕਿ ਆਪ ਨੂੰ ਪਤਾ ਹੈ ਕਿ ਖ਼ਲੀਫ਼ਾ ਕੌਣ ਹੋਵੇਗਾ । ਹਜ਼ਰਤ

ਮੁਸਲਿਹ ਮਊਦ ਨੇ ਉਹਨਾਂ ਨੂੰ ਕਿਹਾ ਕਿ ਮੈਂਨੂੰ ਤਾਂ ਨਹੀਂ ਪਤਾ ਕਿ ਕੌਣ ਹੋਵੇਗਾ । ਖ਼ਲੀਫ਼ਾ ਸਾਨੀ ਨੇ ਫ਼ਰਮਾਇਆ ਕਿ ਮੈਂ ਉਸ ਦੀ ਬੈਅਤ ਕਰ ਲਵਾਂਗਾ ਜਿਸ ਦੀ ਆਪ ਚੋਣ ਕਰਨਗੇ ਅਰਥਾਤ ਮੌਲਵੀ ਮੁਹਮੱਦ ਅਲੀ ਸਾਹਬ, ਜੱਦ ਮੈਂ ਆਪ ਚੋਣ ਕੀਤੇ ਦੀ ਬੈਅਤ ਕਰ ਲਵਾਂਗਾ ਤਾਂ ਫਿਰ ਕਿਉਂਕਿ ਖ਼ਲੀਫ਼ਾ ਹੋਣ ਦੀ ਤਾਈਦ ਕਰਨ ਵਾਲੇ ਮੇਰੀ ਗੱਲ ਮਨੰਦੇ ਹਨ ਵਿਰੋਧਤਾ ਦਾ ਖਤਰਾ ਪੈਦਾ ਹੀ ਨਹੀਂ ਹੋ ਸਕਦਾ । ਮੌਲਵੀ ਸਾਹਬ ਨੇ ਨ ਹੀ ਮਨ੍ਹਣਾ ਨੀ ਅਤੇ ਨ ਹੀ ਮੰਨ੍ਹੇ । ਫਿਰ ਥੋੜੀ ਦੇਰ ਬਾਦ ਜੱਦ ਇਹ ਦਰਵਾਜ਼ਾ ਖੋਲਿਆ ਗਿਆ ਬਾਹਰ ਨਿਕਲੇ ਤਾਂ ਮੌਲਵੀ ਅਹਸਨ ਅਮਰੋਹੀ ਸਾਹਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਦਾ ਨਾਂ ਪੇਸ਼ ਕੀਤਾ ਅਤੇ ਜਮਾਤ ਨੇ ਆਪ ਨੂੰ ਮਜਬੂਰ ਕੀਤਾ ਕਿ ਆਪ ਬੈਅਤ ਲੈਣ । ਅਤੇ ਇਉਂ ਇਸ ਦੂਜੀ ਕੁਦਰਤ ਦੇ ਕਾਇਮ ਹੋਣ ਵਿੱਚ ਇਹ ਜੋ ਉਪਦੱਰ ਮਚਾਉਣ ਵਾਲਿਆਂ ਨੇ ਫ਼ਸਾਦ ਮਚਾਉਣ ਦਾ ਜਤਨ ਕੀਤਾ ਸੀ ਉਸ ਨੂੰ ਰੱਬ ਨੇ ਆਪਣੇ ਰਸੂਲ ਸਲਲੱਾਹੁ ਅਲੈਹਿ ਵਸਲਅਮ ਦੀ ਗੱਲ ਨੂੰ ਪੂਰਾ ਕਰਦਿਆਂ ਹੋਇਆਂ ਅਸਫ਼ਲ ਤੇ ਨਾਮੁਰਾਦ ਕਰ ਦਿੱਤਾ ਅਤੇ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਬਾਦ ਦੂਜੀ ਵਾਰ ਕਾਇਮ ਕਰ ਦਿੱਤੀ ਅਤੇ ਜੋ ਖ਼ਿਲਾਫ਼ਤ ਤੋਂ ਦੂਰ ਹਟੇ ਹੋਏ ਸਨ ਉਹ ਵੱਡੇ ਧਾਰਮਕ ਵਿਦਵਾਨ ਵੀ ਸਨ ਅਤੇ ਸੰਸਾਰਕ ਵਿਦਵਾਨ ਵੀ ਸਨ । ਪੜ੍ਹੇ ਲਿੱਖੇ ਵੀ ਤਜਰਬਾਕਾਰ ਵੀ ਸਨ ਅਤੇ ਚੰਗੇ ਮਾਨ ਸਨਮਾਨ ਵਾਲੇ ਵੀ ਸਨ । ਅੰਜੁਮਨ ਦੇ ਸਾਰੇ ਖ਼ਜ਼ਾਨੇ ਵੀ ਆਪਣੇ ਕਬਜੇ ਵਿੱਚ ਕੀਤੇ ਹੋਏ ਸਨ ਪਰ ਉਹ ਲੋਕ ਅਸਫ਼ਲ ਤੇ ਨਾਮੁਰਾਦ ਹੀ ਹੁੰਦੇ ਗਏ । ਮੌਲਵੀ ਸਾਹਬ ਦੂਜੀ ਖ਼ਿਲਾਫ਼ਤ ਦੀ ਚੋਣ ਦੇ ਬਾਦ ਨ ਕੇਵਲ ਓਥੋਂ ਚਲੇ ਗਏ ਕਾਦੀਆਂ ਤੋਂ ਸਗੋਂ ਉਹਨਾਂ ਨ ਮਨ੍ਹੰਣ ਵਾਲਿਆਂ ਨੇ ਬਾਦ ਵਿੱਚ ਵੀ ਖਿਲਾਫ਼ਤ ਦੀ ਵਿਵਸਥਾ ਨੂੰ ਖ਼ਤਮ ਕਰਨ ਲਈ ਬਹੁਤ ਉਪਦੱਰ ਤੇ ਫ਼ਿਤਨੇ ਫ਼ਸਾਦ ਕੀਤੇ, ਪਰ ਹਮੇਸ਼ਾ ਹੀ ਅਸਫ਼ਲਤਾ ਦਾ ਮੂੰਹ ਦੇਖਣਾ ਪਿਆ । ਅਤੇ ਅੱਜ ਇਸ ਗੱਲ ਨੂੰ 101 ਸਾਲ ਹੋ ਗਏ ਹਨ ਪਰ ਨ ਕੇਵਲ ਐਨ੍ਹੇ ਕਠਿਨ ਹਾਲਾਤਾਂ ਦੇ ਹੁੰਦਿਆਂ ਹੋਇਆ ਕਾਦੀਆਂ ਤਰੱਕੀ ਕਰ ਰਿਹਾ ਹੈ ।

ਸੋ, ਇਹ ਖ਼ਿਲਾਫ਼ਤੇ ਅਹਮਦੀਆ ਨਾਲ ਇਲਾਹੀ ਤਾਈਦ ਹੈ ਜਿਸ ਦੇ ਨਜ਼ਾਰੇ ਅਸੀਂ ਪ੍ਰਤੀਦਿਨ ਦੇਖ ਰਹੇ ਹਾਂ । ਜਰਮਨੀ ਵੀ ਇਹਨਾਂ ਦੇ ਲਾਭ ਤੋਂ ਖਾਲੀ ਨਹੀਂ ਹੈ ਜੋ ਖ਼ਿਲਾਫ਼ਤੇ ਅਹਮਦੀਆ ਨਾਲ ਜੁੜਨ ਵਾਲੇ ਲੋਕਾਂ ਨੂੰ ਰੱਬ ਪਹੁੰਚਾ ਰਿਹਾ ਹੈ । ਅਜੇ ਕੁਝ ਦਿਨ ਪਹਿਲਾਂ ਜਮਾਤ ਜਰਮਨੀ ਦੀਆਂ ਦੋ ਸਹਾਇਕ ਤਨਜ਼ੀਮਾ ਅੰਸਾਰੁਲੱਾਹ ਅਤੇ ਲਜਨਾ ਇਮਾਇਲੱਾਹ ਨੇ ਰਲਮਿਲ ਕੇ ਪੰਜ ਮੰਜ਼ਿਲਾ ਇਮਾਰਤ ਖ਼ਰੀਦੀ, ਜੋ ਇਕ ਦਸ਼ਮਲਵ ਸੱਤ ਮਿਲੀਯਨ ਜਾਂ ਸਤਾਰ੍ਹਾਂ ਲੱਖ ਯੂਰੋ ਦੀ ਖਰੀਦੀ ਗਈ । ਇਹ ਉਹ ਖ਼ਜ਼ਾਨਾ ਹੈ ਜਿਸ ਵਿੱਚ ਵਿਰੋਧੀਆਂ ਨੇ ਇਕ ਰੁਪੱਈਏ ਤੋਂ ਵੀ ਘੱਟ ਰਕਮ ਛੱਡੀ ਸੀ ਅਤੇ ਹਸੱਦੇ ਸਨ ਕਿ ਹੁਣ ਦੇਖੋ ਕਿਵੇਂ ਨਿਜ਼ਾਮ ਚੱਲੇਗਾ । ਇਸ ਖ਼ਿਲਾਫ਼ਤ ਨਾਲ ਜੁੜੇ ਹੋਏ ਅੱਜ ਇਕ ਦੇਸ਼ ਦੀ ਦੋ ਸਹਾਇਕ ਤੰਜ਼ੀਮਾ ਨੇ ਇਕ ਵਿਸ਼ਾਲ ਪੰਜ ਮੰਜ਼ਿਲਾ ਇਮਾਰਤ ਲਗਭਗ 19 ਕਰੋੜ ਰੁਏ ਤੋਂ ਵੀ ਅਧਿਕ ਲਾਗਤ ਖਰਚ ਕਰਕੇ ਖਰੀਦੀ । ਹੁਣ ਇਹ ਰੱਬ ਦੀ ਮਿਹਰ ਅਤੇ ਖ਼ਿਲਾਫ਼ਤੇ ਅਹਮਦੀਆ ਦੀ ਤਾਈਦ ਨਹੀਂ ਤਾਂ ਹੋਰ ਕੀ ਹੈ । ਜੋ ਖ਼ਿਲਾਫ਼ਤ ਤੋਂ ਅੱਡ ਹੋਏ ਉਹਨਾਂ ਦਾ ਕੇਂਦਰੀ ਨਿਜ਼ਾਮ ਵੀ ਨਸ਼ਟ ਭਰਸ਼ਟ ਹੋ ਗਿਆ । ਕਈ ਘਟਨਾਵਾਂ ਹੈਰਾਨੀ ਭਰਪੂਰ ਹੁੰਦੀਆਂ ਹਨ ਕਿ ਕਿਵੇਂ ਰੱਬ ਲੋਕਾਂ ਨੂੰ ਜਮਾਤ ਦੀ ਸਚੱਾਈ ਦੇ ਨਾਲ ਖ਼ਿਲਾਫ਼ਤ ਦੇ ਨਾਲ ਆਪਣੀ ਤਾਈਦ ਤੇ ਸਹਾਇਤਾ ਬਾਰੇ ਦਸੱਦਾ ਹੈ । ਕੇਵਲ ਜਮਾਤ ਅਹਮਦੀਆ ਦੀ ਸਚੱਾਈ ਹੀ ਨਹੀਂ ਸਗੋਂ ਖ਼ਿਲਾਫ਼ਤ ਦੇ ਨਾਲ ਤਾਈਦ ਤੇ ਸਹਾਇਤਾ ਵੀ ਜੋ ਅਲੱਾਹ ਤਆਲਾ ਦਿਖਾ ਰਿਹਾ ਹੈ ਉਹ ਵੀ ਹੋਰਨਾ ਨੂੰ ਦਿਖਾਉਂਦਾ ਅਤੇ ਇਉਂ ਨੇਕ ਸੁਭਾਵੀ ਲੋਕਾਂ ਦੀਆਂ ਹਿਕੱਾਂ ਖੋਲਦਾ ਹੈ । ਇਕ ਦੋ ਘਟਨਾਵਾਂ ਮੈਂ ਏਥੇ ਵਰਨਣ ਕਰਦਾ ਹਾਂ :

ਨਾਈਜੀਰੀਆ ਅਫਰੀਕਾ ਦਾ ਇਕ ਦੇਸ਼ ਹੈ ਓਥੋਂ ਦੇ ਸਾਡੇ ਮੁਬਲੱਗ ਨੇ ਲਿੱਖਿਆ ਕਿ ਨਵੇਂ ਹੋਏ ਅਹਮਦੀਆਂ ਦੀ ਟ੍ਰੇਨਿੰਗ ਕਲਾਸ ਵਿੱਚ ਦਸ ਇਮਾਮਾ ਦੇ ਨਾਲ ਨਾਲ ਇਕ ਪਿੰਡ ਦੇ ਚੀਫ਼ ਵੀ ਹਾਜ਼ਰ ਹੋ ਗਏ । ਜੱਦ ਉਹਨਾਂ ਨੂੰ ਪੁੱਛਿਆ ਗਿਆ ਕਿ ਆਪ ਇਮਾਮ ਨਾਲ ਖ਼ੁੱਦ ਕਿਉਂ ਆ ਗਏ ਹੋ । ਇਹ ਕਲਾਸ ਤਾਂ ਇਮਾਮਾ ਦੀ ਟ੍ਰੇਨਿੰਗ ਲਈ ਹੈ ਤਾਂ ਉਹਨਾਂ ਨੇ ਦੱਸਿਆ ਕਿ ਮੈਂ ਜਾਣਦਾ ਹਾਂ ਕਿ ਇਹ ਇਮਾਮਾ ਦੀ ਕਲਾਸ ਹੈ ਪਰ ਕਲ ਰਾਤ ਜੱਦ ਮੈਂ ਇਮਾਮ ਸਾਹਬ ਨੂੰ ਕਲਾਸ ਵਿੱਚ ਸ਼ਾਮਲ ਹੋਣ ਦਾ ਸੰਦੇਸ਼ ਦਿੱਤਾ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਦੱਸਿਆ ਕਿ ਮੈਂਨੂੰ ਸ਼ਹਿਰ ਦੇ ਇਕ ਸੁੰਨੀ ਮੌਲਵੀ ਸਾਹਬ ਜੋ ਵਹਾਬੀ ਸਨ

ਉਹਨਾਂ ਨੇ ਦੱਸਿਆ ਕਿ ਅਹਮਦੀ ਕਾਫ਼ਰ ਹਨ । ਚੀਫ਼ ਸਾਹਬ ਕਹਿੰਦੇ ਹਨ ਕਿ ਮੈਂਨੂੰ ਬਹੁਤ ਹੈਰਾਨੀ ਹੋਈ ਅਤੇ ਦੁੱਖ ਵੀ ਹੋਇਆ ਕਿ ਅਹਮਦੀ ਕਾਫ਼ਰ ਕਿਵੇਂ ਹੋ ਸਕਦੇ ਹਨ ਅਤੇ ਇਹ ਕਿ ਜੇਕਰ ਇਹ ਕਾਫ਼ਰ ਹਨ ਤਾਂ ਇਹਨਾਂ ਨੂੰ ਪਿੰਡ ਵਿੱਚ ਪ੍ਰਚਾਰ ਕਰਨ ਦੀ ਆਗਿਆ ਚੀਫ਼ ਹੋਣ ਦੇ ਨਾਤੇ ਮੈਂ ਦਿੱਤੀ ਹੈ । ਇਸ ਲਈ ਮੈਂ ਤਾਂ ਦੂਣਾ ਕਾਫ਼ਰ ਹੋ ਗਿਆ । ਇਸ ਲਈ ਰਾਤ ਨੂੰ ਮੈਂ ਬਹੁਤ ਦੁਆ ਕਤੀ ਅਤੇ ਰੱਬ ਤੋਂ ਰਹਿਨੁਮਾਈ ਲਈ ਦੁਆ ਕਰਦਿਆਂ ਕਰਦਿਆਂ  ਸੌਂ ਗਿਆ । ਰਾਤ ਮੈਂ ਸੁਫਨੇ ਵਿੱਚ ਦੇਖਿਆ ਕਿ ਪਹਿਲਾਂ ਮੇਰੇ ਘਰ ਵਿੱਚ ਅਕਾਸ਼ ਤੋਂ ਤਾਰੇ ਉਤਰ ਆਏ ਹਨ ਅਤੇ ਫਿਰ ਉਹਨਾਂ ਦੇ ਪਿੱਛੇ ਪਿੱਛੇ ਚੰਨ੍ਹ । ਮੈਂ ਉਹਨਾਂ ਨੂੰ ਨੇੜਿਓਂ ਦੇਖ ਰਿਹਾ ਹਾਂ ਪਰ ਉਹਨਾ ਵਿੱਚ ਰੌਸ਼ਨੀ ਨਹੀਂ ਹੈ ਅਤੇ ਫਿਰ ਅਚਨਚੇਤ ਆਕਾਸ਼ ਤੋਂ ਇਕ ਚਿੱਟੇ ਕਪੜਿਆ ਵਿੱਚ ਇਕ ਵਿਅਕਤੀ ਮੇਰੇ ਘਰ ਵਿੱਚ ਉਤਰਦਾ ਹੈ ਅਤੇ ਉਸ ਦੇ ਘਰ ਵਿੱਚ ਦਾਖ਼ਲ ਹੁੰਦਿਆ ਹੀ ਸਤਾਰੇ ਅਤੇ ਚੰਨ੍ਹ ਰੌਸ਼ਨ ਹੋ ਜਾਂਦੇ ਹਨ ਅਤੇ ਸਾਰਾ ਘਰ ਰੌਸ਼ਨੀਆਂ ਨਾਲ ਜਗਮਗਾ ਜਾਂਦਾ ਹੈ ਅਤੇ ਮੇਰੇ ਦਿਲ ਵਿੱਚ ਇਹ ਗੱਲ ਜ਼ੋਰ ਨਾਲ ਦਾਖ਼ਲ ਹੋ ਗਈ ਕਿ ਇਹ ਤਾਂ ਅਹਮਦੀਆਂ ਦਾ ਕੋਈ ਵਿਅਕਤੀ ਹੈ ਅਤੇ ਮੈਂ ਅੱਗੇ ਵੱਧ ਕੇ ਉਸ ਨਾਲ ਪ੍ਰਸ਼ਨ ਕਰਦਾ ਹਾਂ ਕਿ ਆਪ ਅਹਮਦੀਆਂ ਦੇ ਮੁਰਬੀ ਹਨ ਜਾਂ ਖ਼ਲੀਫ਼ਾ ਅਤੇ ਮੇਰੀ ਅੱਖ ਖੁੱਲ ਗਈ । ਮੁਰੱਬੀ ਸਾਹਬ ਨੇ ਉਹਨਾਂ ਨੂੰ ਤਸਵੀਰਾਂ ਦਿਖਾਈਆਂ । ਐਲਬਮ ਦਿਖਾਇਆ ਤਾਂ ਉਹਨਾਂ ਨੇ ਝੱਟ ਮੇਰੀ ਤਸਵੀਰ ਉਪੱਰ ਆਪਣੀ ਉਂਗਲ ਰੱਖ ਕੇ ਕਿਹਾ ਅਤੇ ਵਾਰ ਵਾਰ ਕਸਮਾਂ ਖਾਕੇ ਕਿਹਾ ਕਿ ਇਹਨਾਂ ਨੂੰ ਹੀ ਮੈਂ ਅਕਾਸ਼ ਤੋਂ ਆਪਣੇ ਘਰ ਵਿੱਚ ਉਤਰਦਿਆਂ ਦੇਖਿਆ ਸੀ ਅਤੇ ਇਹਨਾਂ ਦੀ ਮਦਦ ਨਾਲ ਹੀ ਮੇਰਾ ਘਰ ਰੌਸ਼ਨ ਹੋ ਗਿਆ ਸੀ ।

ਫਿਰ ਗੈਮਬੀਆ ਦੇ ਅਮੀਰ ਸਾਹਬ ਲਿਖੱਦੇ ਹਨ ਓਥੋਂ ਦੇ ਇਕ ਪਿੰਡ ਵਿੱਚ ਜੱਦ ਪ੍ਰਚਾਰ ਕੀਤਾ ਗਿਆ ਤਾਂ ਹਜ਼ਰਤ ਅਕਦਸ ਮਸੀਹ ਮੌਊਦ ਦੇ ਆਉਣ ਬਾਰੇ ਦੱਸਿਆ ਗਿਆ ਅਤੇ ਆਪ ਦੀ ਜਮਾਤ ਵਿੱਚ ਸ਼ਾਮਲ ਹੋਣ ਲਈ ਬੈਅਤ ਦੀਆਂ ਸ਼ਰਤਾਂ ਪੜ੍ਹਕੇ ਸੁਣਾਈਆਂ ਗਈਆਂ ਤਾਂ ਪਿੰਡ ਦੇ ਇਮਾਮ ਅਤੇ ਪਿੰਡ ਦੀ ਪ੍ਰਗਤੀ ਕਮੇਟੀ ਦੇ ਚੇਅਰਮੈਨ ਨੇ ਝੱਟ ਕਿਹਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੇ ਇਮਾਮ ਮਹਦੀ ਦੇ ਆਉਣ ਦੀ ਭਵਿੱਖਬਾਣੀ ਕੀਤੀ ਸੀ ਅਤੇ ਅੱਜ ਉਹ ਪਹਿਲੀ ਵਾਰ ਇਮਾਮ ਮਹਦੀ ਦੇ ਆਉਣ ਬਾਰੇ ਸੁਣ ਰਹੇ ਹਨ ਅਤੇ ਫਿਰ ਸਾਰਿਆਂ ਲੋਕਾਂ ਨੇ ਜੋ ਲਗਭਗ ਤਿੰਨ ਸੌ ਪੰਜਾਹ ਦੇ ਨੇੜੇ ਸਨ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਗਏ । ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਫ਼ਰਮਾਇਆ ਹੈ । ਇਹ ਦੂਜੀ ਕੁਦਰਤ ਰੱਬ ਦੀ ਕਾਇਮ ਕੀਤੀ ਹੈ ਅਤੇ ਉਸ ਦੀ ਤਾਈਦ ਦੇ ਪ੍ਰਗਟਾਵੇ ਅਸੀਂ ਦੇਖਦੇ ਰਹਿੰਦੇ ਹਾਂ । ਸੋ, ਜੋ ਆਪਣੇ ਈਮਾਨ ਵਿੱਚ ਮਜ਼ਬੂਤ ਰਹਿਣਗੇ ਉਹ ਚਮਤਕਾਰ ਤੇ ਸਹਾਇਤਾ ਦੇ ਪੱਖ ਦੇਖਦੇ ਰਹਿਣਗੇ । ਇਸ ਲਈ ਆਪਣੇ ਈਮਾਨਾ ਨੂੰ ਮਜ਼ਬੂਤ ਕਰਦੇ ਰਹੋ । ਖ਼ਿਲਾਫ਼ਤੇ ਅਹਮਦੀਆ ਨਾਲ ਆਪਣੇ ਸੰਬੰਧ ਜੋੜੋ ਅਤੇ ਉਸ ਹੱਕ ਦੀ ਅਦਾਇਗੀ ਵੱਲ ਧਿਆਨ ਦਿਓ ਜਿਸਦਾ ਰੱਬ ਨੇ ਖ਼ਿਲਾਫ਼ਤ ਦਾ ਪੁਰਸਕਾਰ ਪਾਉਣ ਵਾਲਿਆਂ ਨਾਲ ਵਾਦਾ ਕੀਤਾ ਹੈ । ਅਲੱਾਹ ਤਆਲਾ ਨੇ ਖ਼ਿਲਾਫ਼ਤ ਰਾਹੀਂ ਖ਼ੌਫ਼ ਨੂੰ ਅਮਨ ਵਿੱਚ ਬਦਲਣ ਦਾ ਵਾਦਾ ਕੀਤਾ ਹੈ ਪਰ ਉਹਨਾਂ ਲੋਕਾਂ ਤੋਂ ਜੋ ਰੱਬ ਦਾ ਹੱਕ ਪੂਰਾ ਕਰਨ ਵਾਲੇ ਹੋਣ ਅਤੇ ਪਹਿਲਾ ਹੱਕ ਇਹ ਹੈ ਕਿ (يَعۡبُدُوۡنَنِيۡ) ਯਾਬੁਦੂਨਾਨੀ'' ਮੇਰੀ ਇਬਾਦਤ ਕਰੋ । ਸੋ, ਜੇਕਰ ਇਸ ਨੇਮਤ ਦਾ ਲਾਭ ਚੁੱਕਣਾ ਹੈ ਤਾਂ ਅਲੱਾਹ ਦੀ ਇਬਾਦਤ ਦਾ ਹੱਕ ਪੂਰਾ ਕਰੋ । ਪੰਜ ਵੇਲੇ ਦੀਆਂ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰੋ ਅਤੇ ਸੁਚੱਜੇ ਰੂਪ ਵਿੱਚ ਅਦਾਇਗੀ ਵੱਲ ਧਿਆਨ ਦਿਓ । ਫਿਰ ਫ਼ਰਮਾਇਆ (لَا يُشۡرِكُوۡنَ بِيۡ شَيۡـًٔا) ''ਲਾ ਯੁਸ਼ਰਿਕੂਨਾ ਬੀ ਸ਼ੈਆ'' ਕਿਸੇ ਚੀਜ਼ ਨੂੰ ਮੇਰਾ ਸ਼ਰੀਕ ਨ ਬਣਾਓ ।

ਸੋ, ਇਹ ਖ਼ਿਲਾਫਤ ਨਾਲ ਪ੍ਰੇਮ ਤੇ ਆਗਿਆਕਾਰੀ ਹੈ ਜੋ ਰੱਬ ਦੀਆਂ ਮਿਹਰਾਂ ਨੂੰ ਸਮੋਹ ਰਹੀ ਹੈ ਅਤੇ ਚੰਗੇ ਨਤੀਜੇ ਨਿਕਲ ਰਹੇ ਹਨ ਕਿਉਕਿ ਇਹ ਰੱਬ ਦਾ ਕਾਇਮ ਕੀਤਾ ਨਿਜ਼ਾਮ (ਵਿਵਸਥਾ) ਹੈ ਇਸ ਲਈ ਧਰਮ ਦੀ ਤਰੱਕੀ ਲਈ ਹਰ ਜਤਨ ਨੂੰ ਉਸ ਨੇ ਖ਼ਿਲਾਫ਼ਤ ਨਾਲ ਜੋੜ ਦਿਤੱਾ ਹੈ । ਸੋ, ਜੇਕਰ ਕਦੇ ਕਿਸੇ ਅਹੁਦੇਦਾਰ ਦੇ ਮਨ ਵਿੱਚ ਆਏ ਕਿ ਜਾਂ ਖ਼ੁਦੀ ਪੈਦਾ ਹੋਵੇ ਤਾਂ ਅਸਤਗ਼ਫ਼ਾਰ ਵੱਲ ਧਿਆਨ ਜਾਣਾ ਚਾਹੀਦਾ ਹੈ । ਸੋ, ਜਮਾਤ ਅਹਮਦੀਆ ਦੀ ਤਰੱਕੀ ਵਿੱਚ ਨ ਵਿਦਵਾਨਾ ਦੀ ਵਿਦਵਤਾ ਕੰਮ ਦੇ ਰਹੀ ਹੈ, ਨ ਅਕਲਮੰਦਾ ਦੀ ਅਕਲ ਕੰਮ ਦੇ ਰਹੀ ਹੈ, ਨ ਸੰਸਾਰਕ ਗਿਆਨ ਰੱਖਣ ਵਾਲੇ ਦਾ ਗਿਆਨ ਤੇ

ਹੁਨਰ ਕੰਮ ਦੇ ਰਿਹਾ ਹੈ । ਜੇਕਰ ਕਿਸੇ ਧਾਰਮਕ ਗਿਆਨ ਰਖੱਣ ਵਾਲੇ, ਜੇਕਰ ਕਿਸੇ ਅਕਲਮੰਦ ਦੀ ਅਕਲ, ਜੇਕਰ ਕਿਸੇ ਸੰਸਾਰਕ ਗਿਆਨ ਰਖੱਣ ਵਾਲੇ ਦੀ ਵਿਦਿਆ, ਜੇਕਰ ਮਾਹਿਰੀਨ ਦੇ ਹੁਨਰ ਜਮਾਤ ਦੇ ਕੰਮਾ ਵਿੱਚ ਅਸਾਧਾਰਣ ਨਤੀਜੇ ਪੈਦਾ ਕਰ ਰਹੇ ਹਨ ਤਾਂ ਇਹ ਕਵੇਲ ਤੇ ਕੇਵਲ ਰੱਬ ਦੀ ਮਿਹਰ ਅਤੇ ਖ਼ਿਲਾਫ਼ਤ ਨਾਲ ਸਲੰਗਤ ਰਹਿਣ ਦੇ ਸਬਬ ਹੈ ਕਿਉਂਕਿ ਇਸ ਨਾਲ ਸਲੰਗਤ ਰਹਿਣ ਕਰਕੇ ਹੀ ਰੱਬ ਦਾ ਇਹਨਾ ਨਤੀਜਿਆਂ ਦਾ ਵਾਦਾ ਹੈ ਅਤੇ ਇਸੇ ਲਈ ਉਹ ਬਖ਼ਸ਼ ਰਿਹਾ ਹੈ । ਦੁਨੀਆਦਾਰਾਂ ਵਿੱਚ ਜਾਂ ਦੁਨੀਆਦਾਰੀ ਵਿੱਚ ਬੇਸ਼ਕ ਗਿਆਨ ਤੇ ਹੁਨਰ ਕੰਮ ਦੇ ਸਕਦਾ ਹੈ ਪਰ ਜਮਾਤ ਵਿੱਚ ਰਹਿਣ ਵਾਲੇ ਨੂੰ ਬਹਿਰਹਾਲ ਚੰਗੇ ਨਤੀਜਿਆਂ ਲਈ ਜਮਾਤੀ ਕੰਮਾ ਵਿੱਚ ਵਿਸ਼ੇਸ਼ ਤੌਰ'ਤੇ ਆਪਣੇ ਆਪ ਨੂੰ ਖ਼ਿਲਾਫ਼ਤ ਦਾ ਪੈਰੋ ਮੰਨ ਕੇ ਤੁਰਨਾ ਹੋਵੇਗਾ । ਇਸੇ ਪ੍ਰਕਾਰ ਓਲਮਾ ਦੀ ਵੀ ਜ਼ਿੰਮੇਦਾਰੀ ਹੈ ਕਿ ਉਹ ਲੋਕ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਮੰਨਿਆ ਹੈ ਅਰਥਾਤ ਨਵੇਂ ਮੰਨ੍ਹਣ ਵਾਲੇ ਅਤੇ ਨਵੇਂ ਨੌਜੁਆਨ ਅਤੇ ਬੱਚੇ । ਉਹਨਾਂ ਨੂੰ ਖ਼ਿਲਾਫ਼ਤ ਨਾਲ ਹਕੀਕੀ ਸੰਬੰਧ ਦਾ ਜਿੰਨ੍ਹਾ ਨੂੰ ਪਤਾ ਨਹੀਂ ਹੈ ਉਹਨਾਂ ਨੂੰ ਜਾਣੂ ਕਰਾਓ, ਇਸ ਬਾਰੇ ਉਹਨਾਂ ਨੂੰ ਦੱਸੋ । ਇਸੇ ਪ੍ਰਕਾਰ ਅਹੁਦੇਦਾਰ ਵੀ ਜ਼ਿੰਮੇਦਾਰ ਹਨ । ਜੇਕਰ ਧਰਮ ਦੀ ਸੇਵਾ ਦਾ ਮੌਕਾ ਰੱਬ ਨੇ ਦੇ ਦਿੱਤਾ ਹੈ ਤਾਂ ਆਪਣੇ ਧਾਰਮਕ ਗਿਆਨ ਨੂੰ ਵੀ ਵਧਾਉਣ ਅਤੇ ਆਪਣੀ ਈਮਾਨਦਾਰੀ ਤੇ ਵਫ਼ਾਦਾਰੀ ਨੂੰ ਵੀ ਵਧਾਉਣ ਅਤੇ ਆਪਣੀ ਸੰਜਮਤਾ ਨੂੰ ਵੀ ਵਧਾਉਣ ਅਤੇ ਖ਼ਿਲਾਫ਼ਤ ਨਾਲ ਆਪਣੇ ਸੰਬੰਧ ਵੀ ਵਧਾਉਣ । ਸਮੇਂ ਦੇ ਖ਼ਲੀਫ਼ਾ ਦੀ ਗੱਲ ਸੁਣੋ  ਅਤੇ ਉਹਨਾਂ'ਤੇ ਅਮਲ ਕਰਨ ਦੇ ਜਤਨ ਕਰੋ । ਆਪਣਾ ਖ਼ਿਲਾਫ਼ਤ ਨਾਲ ਸੰਬੰਧ ਵਧਾਓ । ਜੋ ਲੋਕ ਇਸ ਗੱਲ ਨੂੰ ਸਮਝਦੇ ਹਨ ਉਹ ਆਪਣੀਆਂ ਹਾਲਤਾਂ ਵਿੱਚ ਅਸਾਧਾਰਣ ਤਬਦੀਲੀ ਅਨੁਭਵ ਕਰਦੇ ਹਨ ।

ਜੇਕਰ ਇਹ ਅਹੁਦੇਦਾਰ ਖ਼ਿਲਾਫ਼ਤ ਦੀ ਮਹਤੱਾ ਤੇ ਸੰਬੰਧ ਨੂੰ ਮਜ਼ਬੂਤ ਕਰਨ ਦਾ ਜਤਨ ਕਰਨਗੇ ਉਨ੍ਹਾਂ ਅਹੁਦੇਦਾਰਾਂ ਦੀ ਮਹਤੱਾ ਆਪਣੇ ਆਪ ਵੱਧ ਜਾਵੇਗੀ । ਸੋ, ਇਹ ਜ਼ਿੰਮੇਦਾਰੀ ਹੈ ਓਲਮਾ ਦੀ । ਇਸ ਵਿੱਚ ਸਾਰੇ ਲੋਕ ਸ਼ਾਮਲ ਹਨ, ਚਾਹੇ ਉਹ ਮੁਰੱਬੀ ਹਨ, ਅਹੁਦੇਦਾਰ ਹਨ ਜਾਂ ਧਰਮ ਦਾ ਗਿਆਨ ਰਖੱਣ ਵਾਲੇ ਹਨ ਕਿ ਸਮੇਂ ਦੇ ਖ਼ਲੀਫ਼ਾ ਦੀ ਬਾਂਹ ਬਨਣ । ਆਪਣੇ ਅਮਲਾਂ ਨੂੰ ਵੀ ਸਮੇਂ ਦੇ ਖ਼ਲੀਫ਼ਾ ਦੀ ਤਾਬਿਆਦਾਰੀ ਵਿੱਚ ਕਰਨ ਅਤੇ ਹੋਰਨਾ ਨੂੰ ਵੀ ਉਪਦੇਸ਼ ਕਰਨ । ਜੱਦ ਸਮੇਂ ਦਾ ਖ਼ਲੀਫ਼ਾ ਜਮਾਤ ਦੇ ਸੁਧਾਰ ਲਈ ਕੋਈ ਗੱਲ ਕਹੇ ਤਾਂ ਉਸ ਨੂੰ ਅਪਨਾਉਣ ਅਤੇ ਜਮਾਤ ਦੇ ਲੋਕਾਂ ਸਾਹਮਣੇ ਉਸ ਨੂੰ ਦੁਹਰਾਉਣ ਅਤੇ ਹੋਰ ਦੁਹਰਾਉਣ ਇੱਥੋਂ ਤੱਕ ਕਿ ਮੰਦ ਬੁੱਧੀ ਵੀ ਚੰਗੀ ਤਰ੍ਹਾਂ ਸਮਝ ਜਾਣ ਅਤੇ ਸਹੀ ਧਰਮ ਉਪੱਰ ਚਲੱਣ ਲਈ ਮਾਰਗ ਪ੍ਰਾਪਤ ਕਰ ਲੈਣ ।

ਅਲੱਾਹ ਤਆਲਾ ਜਮਾਤ ਦੇ ਲੋਕਾਂ ਨੂੰ ਵੀ ਅਤੇ ਓਲਮਾ ਤੇ ਅਹੁਦੇਦਾਰਾਂ ਨੂੰ ਵੀ ਇਹ ਤੌਫ਼ੀਕ ਪ੍ਰਦਾਨ ਕਰੇ ਕਿ ਖ਼ਿਲਾਫ਼ਤ ਦੀਆਂ ਗੱਲਾਂ ਨੂੰ ਨ ਕੇਵਲ ਸੁਨਣ ਸਗੋਂ ਅਮਲ ਕਰਨ ਵਾਲੇ ਵੀ ਹੋਣ । ਅਲੱਾਹ ਕਰੇ ਕਿ ਰੱਬ ਦੀ ਇਛੱਾ ਅਨੁਸਾਰ ਅਸੀਂ ਖ਼ਿਲਾਫ਼ਤ ਦੇ ਪੁਰੁਸਕਾਰ ਨੂੰ ਸੰਭਾਲਣ ਵਾਲੇ ਹੋਈਏ ।

**Khulasa Khutba 29.05.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131